This is text of the Video

# Phalgun Nit Salahiye Jis Nu Til Na Tamaye

by

Brig. Partap Singh Ji Jaspal (Retd.)

available at:

www.SikhVideos.org

ਫਲਗੁਣਿ ਨਿਤ ਸਲਾਹੀਐ
ਜਿਸ ਨੋ ਤਿਲੁ ਨ ਤਮਾਇ ॥

Phalgun Nit Salahiye
Jis Nu Til Na Tamaye

*"ਬਾਬਾ ਜੀ ਨੇ ਤਿਆਗ ਸਮੇਤ ਸਭ ਕੁਝ ਤਿਆਗਿਆ ਹੋਇਆ ਸੀ ਤੇ ਇਸ ਤਰ੍ਹਾਂ ਦਾ ਤਿਆਗੀ ਦੁਨੀਆਂ ਵਿਚ ਨਾ ਕੋਈ ਹੋਇਆ ਹੈ ਤੇ ਨਾ ਕੋਈ ਹੋਵੇਗਾ। ਜੜ ਮਾਇਆ ਨੂੰ ਸਾਰੀ ਉਮਰ ਹੱਥ ਨਹੀਂ ਲਾਇਆ ਅਤੇ ਚੇਤਨ ਮਾਇਆ ਨੂੰ ਨੇੜੇ ਹੀ ਨਹੀਂ ਆਉਣ ਦਿੱਤਾ।*

*ਇਸ ਕਰਕੇ ਭੁੱਚੋਂ ਵਾਲਿਆਂ (ਬਾਬਾ ਹਰਨਾਮ ਸਿੰਘ ਜੀ ਮਹਾਰਾਜ) ਨੇ ਇਕ ਵਾਰ ਬਾਬਾ ਨਰਿੰਦਰ ਸਿੰਘ ਜੀ ਨੂੰ ਦਰਸ਼ਨਾਂ ਵਿਚ ਫੁਰਮਾਇਆ ਕਿ ਆਦਿ ਤੋਂ ਅੰਤ ਤਕ ਜਦੋਂ ਦੀ ਦੁਨੀਆਂ ਰਚੀ ਗਈ ਹੈ।(ਇਹ 144 ਜੁਗਾਂ ਤੋਂ ਹੀ ਨਹੀਂ ਇਸ ਤੋਂ ਪਹਿਲਾਂ ਵੀ) ਨਾ ਹੀ ਕੋਈ ਐਸਾ ਰਿਸ਼ੀ ਹੋਇਆ ਹੈ ਤੇ ਨਾ ਹੀ ਕੋਈ ਹੋਵੇਗਾ। "*

***"ਬਾਬਾ ਨੰਦ ਸਿੰਘ ਜਿਹਾ ਰਿਸ਼ੀ ਨਾ ਕੋਈ ਹੋਇਆ ਨਾ ਕੋਈ ਹੋਸੀ ॥"***

*–ਬਾਬਾ ਨਰਿੰਦਰ ਸਿੰਘ ਜੀ*

# ਫਲਗੁਣਿ ਨਿਤ ਸਲਾਹਈਐ ਜਿਸ ਨੋ ਤਿਲੁ ਨ ਤਮਾਇ ॥

*ਹਰਿ ਹਾਰੁ ਕੰਠਿ ਜਿਨੀ ਪਹਿਰਿਆ*
*ਗੁਰ ਚਰਣੀ ਚਿਤੁ ਲਾਇ ॥*
*ਤਿਨਾ ਪਿਛੈ ਰਿਧਿ ਸਿਧਿ ਫਿਰੈ*
*ਓਨਾ ਤਿਲੁ ਨ ਤਮਾਇ ॥*

*ਮਹਾ ਪੁਰਖਾ ਕਾ ਬੋਲਣਾ*
*ਹੋਵੈ ਕਿਤੈ ਪਰਥਾਇ ॥*
*ਓਇ ਅੰਮ੍ਰਿਤ ਭਰੇ ਭਰਪੂਰ ਹਹਿ*
*ਓਨਾ ਤਿਲੁ ਨ ਤਮਾਇ ॥*

ਗੁਰੂ ਨਾਨਕ ਪਾਤਸ਼ਾਹ ਫੁਰਮਾਉਂਦੇ ਹਨ, **"ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥"** ਨਿਮਰਤਾ ਤੇ ਗਰੀਬੀ ਸਾਰੇ ਗੁਣਾ ਦਾ, ਸਾਰੀਆਂ ਚੰਗਿਆਈਆ ਦਾ ਤੱਤ ਹੈ, ਮੂਲ ਹੈ। ਪੂਜੀਆ ਪਿਤਾ ਜੀ ਨੇ ਕਿਹਾ ਕਿ ਨਿਮਰਤਾ ਤੇ ਗਰੀਬੀ ਉਹ ਪਾਵਨ ਬੀਜ਼ ਹੈ, ਉਹ ਤੱਤ,

ਉਹ ਮੂਲ ਹੈ ਜਿਸ ਬੀਜ਼ ਤੋਂ ਸਾਰੇ ਦਰਗਾਹੀ ਗੁਣਾਂ ਦੇ ਅੰਕੁਰ ਪ੍ਰਗਟ ਹੁੰਦੇ ਹਨ, ਸਾਰੇ ਦਰਗਾਹੀ ਗੁਣਾਂ ਦੇ ਅੰਕੁਰ ਇਸ ਪਾਵਨ ਬੀਜ਼, ਕਿਹੜੇ ਬੀਜ਼, ਨਿਮਰਤਾ ਤੇ ਗਰੀਬੀ ਦੇ ਬੀਜ਼ ਤੋਂ ਪ੍ਰਗਟ ਹੁੰਦੇ ਹਨ।

ਬਾਬਾ ਨੰਦ ਸਿੰਘ ਸਾਹਿਬ, ਇਕ ਨੂਰੀ ਜੋਤ, ਪ੍ਰਕਾਸ਼ ਦੇ ਵਿੱਚ ਲਿੱਪਟੀ ਆਈ ਹੈ ਇਸ ਸੰਸਾਰ ਦੇ ਵਿੱਚ, ਅਤਿ ਨਿਮਰਤਾ ਤੇ ਗਰੀਬੀ ਵਿੱਚ, ਉਹ ਗੁਰੂ ਨਾਨਕ ਪਾਤਸ਼ਾਹ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਰਮ ਅਜ਼ਮੱਤ, ਪਰਮ ਸ਼ਾਨ ਤੇ ਪਰਮ ਭਗਵਤਾ ਨੂੰ ਪ੍ਰਕਾਸ਼ਿਤ ਕਰਨਾਂ, ਉਨ੍ਹਾਂ ਨੂੰ ਪ੍ਰਗਟ ਕਰਨਾਂ ਆਰੰਭ ਕਰਦੀ ਹੈ ਅਤੇ ਕਿਹੜੀ ਉਮਰ ਦੇ ਵਿੱਚ, ਪੰਜ ਸਾਲ ਦੀ ਆਯੂ ਵਿੱਚ, ਬਚਪਨ ਤੋਂ ਹੀ, ਕਿਸ ਨਿਮਰਤਾ ਅਤੇ ਗਰੀਬੀ ਦੀ ਅਵਸਥਾ ਦੇ ਵਿੱਚ। ਸਾਧ ਸੰਗਤ ਜੀ, ਮੇਰੇ ਸਰਤਾਜ ਗੁਰੂ ਨਾਨਕ ਪਾਤਸ਼ਾਹ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਹੀ ਆਪਣਾ ਇਕ ਅਤੀ ਪਿਆਰਾ ਜਨ, ਆਪਣੇ ਚਰਨ ਕਮਲਾਂ ਦਾ ਪ੍ਰੇਮ ਪ੍ਰਕਾਸ਼ ਇਸ ਸੰਸਾਰ ਵਿੱਚ ਭੇਜਿਆ ਹੈ। ਜਿਹੜੇ ਦਰਗਾਹੀ ਗੁਣ ਇਸ ਨਿਮਰਤਾ ਤੇ ਗਰੀਬੀ ਦੇ ਬੀਜ਼ ਤੋਂ, ਪਾਵਨ ਬੀਜ਼ ਤੋਂ ਜਿਹੜੇ ਦਰਗਾਹੀ ਗੁਣਾਂ ਦੇ ਅੰਕੁਰ ਪ੍ਰਗਟ ਹੁੰਦੇ ਹਨ, ਉਹ ਗੁਣ ਕਿਹੜੇ ਹਨ? ਗੁਰੂ ਸਾਹਿਬਾਨ ਆਪਣੀ ਅੰਮ੍ਰਿਤ ਬਾਣੀ ਵਿਚ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਹ ਗੁਣਾ ਦਾ ਵੇਰਵਾ ਕਰਦੇ ਹਨ। ਉਹ ਦਰਗਾਹੀ ਗੁਣ ਜਿਨ੍ਹਾਂ ਦੇ ਨਾਲ ਉਨ੍ਹਾਂ ਦੇ ਜਨ ਦੀ, ਉਨ੍ਹਾਂ ਦੇ ਅਤੀ ਪਿਆਰੇ ਭਗਤ ਔਰ ਅਤੀ ਪਿਆਰੇ ਗੁਰਮੁੱਖ ਦੀ ਪਛਾਣ ਹੋ ਸਕਦੀ ਹੈ, ਜਿਹੜੇ ਉਸ ਦੇ ਪਰਮ ਲਕਸ਼ ਹੋਣਗੇ, ਜਿਹੜੇ ਉਸ ਅਤੀ ਪਿਆਰੇ ਜਨ ਦੇ ਪਰਮ ਗੁਣ ਹੋਣਗੇ ਉਹ ਆਪ ਹੀ ਉਸ ਦਾ ਵੇਰਵਾ ਕਰਦੇ ਹਨ।

ਇਕ ਦਫ਼ਾ ਦਾ ਜ਼ਿਕਰ ਹੈ ਇਸੇ ਘਰ ਵਿਚ ਸੰਗਰਾਂਦ ਦੇ ਮੁਬਾਰਕ ਦਿਹਾੜੇ ਤੇ ਬਾਰਾਂ ਮਾਹ ਦੇ ਪਾਠ

ਦਾ ਕੀਰਤਨ ਹੋਇਆ। ਫਲਗੁਣਿ ਦਾ ਮਹੀਨਾ ਸੀ। ਜਦੋਂ ਪਾਠ ਦੇ ਕੀਰਤਨ ਦੇ ਅਖੀਰ ਤੇ ਮਹੀਨਾ ਪੜ੍ਹਿਆ ਗਿਆ ਔਰ ਮਹੀਨੇ ਦੀਆਂ ਆਖਰੀ ਪਾਵਨ ਤੁੱਕਾਂ, ਪੰਕਤੀਆਂ ਪੜ੍ਹੀਆਂ ਗਈਆਂ, ਉਸ ਵੇਲੇ ਪਿਤਾ ਜੀ ਨੇ ਜੋ ਪਾਵਨ ਬਚਨ ਕੀਤੇ ਹਨ ਉਨ੍ਹਾਂ ਦੀ ਜੁਬਾਨੀ ਆਪ ਨਾਲ ਸਾਂਝੇ ਕਰਦਾ ਹਾਂ।

*ਜਿਹਵਾ ਏਕ ਅਨੇਕ ਗੁਣ*
*ਤਰੇ ਨਾਨਕ ਚਰਣੀ ਪਾਇ ॥*

*ਫਲਗੁਣਿ ਨਿਤ ਸਲਾਹੀਐ*
*ਜਿਸ ਨੋ ਤਿਲੁ ਨ ਤਮਾਇ ॥*

ਸਾਹਿਬ ਫੁਰਮਾਉਂਦੇ ਹਨ **"ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ ॥"** ਉਸ ਦਾ ਇਕ ਸ਼੍ਰੇਸ਼ਟ ਗੁਣ ਦੱਸਦੇ ਹਨ, ਵਿਸ਼ੇਸ਼ ਗੁਣ ਦੱਸਦੇ ਹਨ ਕਿ ਉਹ ਨਿਰੰਕਾਰ ਦੀ ਸਭ ਤੋਂ ਵੱਡੀ ਸਿਫਤ ਹੈ ਕੀ ਉਸ ਨੂੰ ਤਿੱਲ ਦੀ ਵੀ ਤਮਾ ਨਹੀ ਹੈ। ਉਹ ਦਿੰਦਾਂ ਹੀ ਦਿੰਦਾਂ ਹੈ ਲੈਂਦਾ ਕੁਝ ਨਹੀਂ। ਫਿਰ ਸਾਹਿਬ ਸਤਿਗੁਰੂ ਦਾ ਵੀ ਉਹੀ ਗੁਣ ਦੱਸਦੇ ਹਨ। ਫਿਰ ਜਿਸ ਵਕਤ ਮਹਾਂਪੁਰਖ ਤੇ ਆਉਂਦੇ ਹਨ, ਗੁਰਮੁੱਖ ਤੇ ਆਉਂਦੇ ਹਨ ਫਿਰ ਉਸ ਦਾ ਵੀ ਸਭ ਤੋਂ ਵਿਸ਼ੇਸ਼, ਸ਼੍ਰੇਸ਼ਟ ਗੁਣ ਇਹੀ ਦੱਸਦੇ ਹਨ ਕਿ ਉਸ ਨੂੰ ਵੀ ਤਿੱਲ ਦੀ ਤਮਾ ਨਹੀਂ ਹੈ।

*ਹਰਿ ਹਾਰੁ ਕੰਠਿ ਜਿਨੀ ਪਹਿਰਿਆ*
*ਗੁਰ ਚਰਣੀ ਚਿਤੁ ਲਾਇ ॥*

*ਤਿਨਾ ਪਿਛੈ ਰਿਧਿ ਸਿਧਿ ਫਿਰੈ*
*ਓਨਾ ਤਿਲੁ ਨ ਤਮਾਇ ॥*

*ਮਹਾ ਪੁਰਖਾ ਕਾ ਬੋਲਣਾ*
*ਹੋਵੈ ਕਿਤੈ ਪਰਥਾਇ ॥*

*ਓਇ ਅੰਮ੍ਰਿਤ ਭਰੇ ਭਰਪੂਰ ਹਹਿ*
*ਓਨਾ ਤਿਲੁ ਨ ਤਮਾਇ ॥*

# ਸੁਈ ਦੇ ਨੱਕੇ ਜਿੰਨੀ ਸ਼ੈ ਬਨਾਈ ਨਹੀ, ਅਪਨਾਈ ਨਹੀ

ਸਾਧ ਸੰਗਤ ਜੀ, ਫਿਰ ਪਿਤਾ ਜੀ ਕਹਿਣ ਲੱਗੇ ਕਿ ਹਾਂ, ਅਸੀਂ ਬਾਬਾ ਨੰਦ ਸਿੰਘ ਸਾਹਿਬ ਦੇ ਦਰਸ਼ਨ ਕੀਤੇ ਹਨ ।

**ਉਨ੍ਹਾਂ ਦਾ ਸਭ ਤੋਂ ਵਿਸ਼ੇਸ਼ ਗੁਣ, ਪਰਮ ਗੁਣ ਅਸੀ ਜਿਹੜਾ ਦੇਖਿਆ ਕਿ ਉਨ੍ਹਾਂ ਨੂੰ ਤਿੱਲ ਦੀ ਤਮਾ ਨਹੀਂ ਸੀ।**

ਫਿਰ ਪਿਤਾ ਜੀ ਨੇ ਇਕ ਪਾਵਨ ਸਾਖਾ ਸੁਣਾਇਆ। ਪੂਰਨਮਾਸ਼ੀ ਦਾ ਮੁਬਾਰਿਕ ਦਿਹਾੜਾ ਸੀ ਬਾਬਾ ਨੰਦ ਸਿੰਘ ਸਾਹਿਬ ਜੰਗਲ ਵਿਚ ਤੱਪਸਿਆ ਕਰ ਰਹੇ ਸੀ ਪਰ ਪੂਰਨਮਾਸ਼ੀ ਵਾਲੇ ਦਿਨ ਸੰਗਤ ਪਹੁੰਚ ਜਾਂਦੀ ਸੀ। ਉੱਥੇ ਪਹੁੰਚ ਗਏ, ਹਜ਼ਾਰਾਂ ਦੀ ਤਾਦਾਦ ਵਿਚ ਸੰਗਤ ਪਹੁੰਚੀ ਹੋਈ ਹੈ। ਉਸੇ ਜੰਗਲ ਵਿਚ ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਦਾ ਦਰਬਾਰ ਸਜਿਆ ਹੈ, ਪੂਰਨਮਾਸ਼ੀ ਦਾ ਚੰਦਰਮਾ ਸ਼ੀਤਲਤਾਈ ਬਿਖੇਰ ਰਿਹਾ ਹੈ। ਉੱਥੇ ਜਦੋਂ ਇਹ ਹੋ ਰਿਹਾ ਸੀ ਉਸ ਵੇਲੇ ਇਕ ਮਹਾਤਮਾ ਪਹੁੰਚ ਗਏ। ਭਗਵੇਂ ਕਪੜੇ ਪਾਏ ਹੋਏ ਹਨ ਤੇ ਹਸਬ ਦਸਤੂਰ ਸੇਵਕਾਂ ਨੇ ਉਨ੍ਹਾਂ ਨੂੰ ਜੀ ਆਇਆਂ ਕਿਹਾ ਤੇ ਉਨ੍ਹਾਂ ਦਾ ਆਸਣ ਵੀ ਬਾਬਾ ਨੰਦ ਸਿੰਘ ਸਾਹਿਬ ਦੇ ਆਸਣ ਦੇ ਨੇੜੇ ਹੀ ਸੱਜੇ ਪਾਸੇ ਲਗਾ ਦਿੱਤਾ।

ਸਮਾਗਮ ਚੱਲ ਰਿਹਾ ਹੈ, ਜਿਸ ਵਕਤ ਕੀਰਤਨ ਦਾ ਭੋਗ ਪਿਆ ਹੈ ਤਾਂ ਬਾਬਾ ਜੀ ਨੇ ਆਪਣੇ ਪਾਵਨ ਨੇਤ੍ਰ ਖੋਲ੍ਹੇ ਹਨ। ਜਦੋਂ ਰਾਗੀ ਸਿੰਘਾਂ ਵੱਲ ਦੇਖਿਆ ਫਿਰ ਮਹਾਪੁਰਖ ਤੇ ਨਜ਼ਰ ਪਈ ਹੈ ਅਤੇ ਪੁੱਛਿਆ ਕਿ ਮਹਾਂਪੁਰਖੋ ਕਿਵੇਂ ਆਉਣਾ ਹੋਇਆ। ਹੁਣ ਮਹਾਂਪੁਰਖ ਉਸ ਮਹਾਤਮਾ ਦੇ ਦਿਲ ਵਿਚ ਕੀ ਬੀਤ ਰਹੀ ਹੈ। ਮਹਾਂਪੁਰਖ ਸੁਣ ਕੇ ਆਏ ਸੀ ਬਾਬਾ ਨੰਦ ਸਿੰਘ ਸਾਹਿਬ ਇਕ ਮਹਾਨ ਤਿਆਗੀ ਹਨ, ਉਨ੍ਹਾਂ ਵਰਗਾ ਤਿਆਗੀ ਕੋਈ ਨਹੀਂ। ਜਦੋਂ ਆਏ ਤਾਂ ਦੇਖਿਆ ਕਿ ਜੰਗਲ ਦੇ ਵਿਚ ਐਸਾ ਦਰਬਾਰ ਸੱਜਿਆ ਹੋਇਆ ਹੈ। ਹਜ਼ਾਰਾਂ ਦੀ ਤਾਦਾਦ ਦੇ ਵਿਚ ਸੰਗਤ ਬੈਠੀ ਝੂਮ ਰਹੀ ਹੈ ਅਤੇ ਕੀਰਤਨ ਦਰਬਾਰ ਲੱਗਿਆ ਹੋਇਆ ਹੈ। ਅਨਗਿਣਤ ਸੇਵਾਦਾਰ, ਸੇਵਕ ਉਥੇ ਸੇਵਾ ਦੇ ਵਿੱਚ ਭੱਜਦੇ ਨਜ਼ਰ ਆ ਰਹੇ ਹਨ। ਖਿਆਲ ਆ ਗਿਆ ਕਿ ਤਿਆਗ ਦੇ ਵਿੱਚ ਐਦਾਂ ਦਾ ਦਰਬਾਰ, ਉਹ ਵੀ ਜੰਗਲ ਦੇ ਵਿੱਚ ਤੇ ਪ੍ਰਸ਼ਨ ਪੁੱਛ ਬੈਠੇ ਕਿ ਗਰੀਬ ਨਿਵਾਜ਼! ਤਿਆਗ ਦੇ ਅਰਥ ਸਮਝਣ ਵਾਸਤੇ ਆਇਆ

ਹਾਂ।ਉਹ ਦਿਲਾਂ ਦੇ ਜਾਣਨ ਵਾਲੇ, ਦਿਲਾਂ ਦੇ ਜਾਨਣਹਾਰ ਬਾਬਾ ਨੰਦ ਸਿੰਘ ਸਾਹਿਬ ਨੇ ਦੇਖਿਆ ਪਰ ਪ੍ਰਸ਼ਨ ਦਾ ਜਵਾਬ ਨਹੀਂ ਦਿੱਤਾ।

ਜਿਸ ਵਕਤ ਸਮਾਗਮ ਦਾ ਭੋਗ ਪਿਆ ਹੈ ਜਿਸ ਵਕਤ ਬਾਬਾ ਨੰਦ ਸਿੰਘ ਸਾਹਿਬ ਆਪਣੇ ਨਿਮਰਤਾ ਦੇ ਆਸਣ ਤੋਂ ਉੱਠੇ ਹਨ, ਬਾਬਾ ਨੰਦ ਸਿੰਘ ਸਾਹਿਬ ਨੇ ਸੰਗਤ ਦੀ ਕਦੀ ਬਰਾਬਰੀ ਨਹੀਂ ਕੀਤੀ, ਰਾਗੀਆਂ ਦੀ ਕਦੀ ਬਰਾਬਰੀ ਨਹੀਂ ਕੀਤੀ, ਹਮੇਸ਼ਾਂ ਸੰਗਤ ਦੇ ਵਿੱਚ ਸਭ ਤੋਂ ਨੀਵੇਂ ਅਸਥਾਨ ਤੇ ਟੋਇਆ ਪੁੱਟਿਆ ਹੋਇਆ ਸੀ ਜਿੱਥੇ ਬਾਬਾ ਨੰਦ ਸਿੰਘ ਸਾਹਿਬ ਨਿਮਰਤਾ ਦੇ ਆਸਣ ਤੇ ਬਿਰਾਜਮਾਨ ਸਨ।ਉੱਥੋਂ ਉੱਠੇ ਹਨ ਫਿਰ ਸਾਰੇ ਪਾਸੇ ਦੇਖ ਕੇ, ਹੱਥ ਜੋੜ ਕੇ ਜਿੱਦਾਂ ਹਸਬ ਦਸਤੂਰ ਬਾਬਾ ਨੰਦ ਸਿੰਘ ਸਾਹਿਬ ਆਗਿਆ ਲੈ ਰਹੇ ਹਨ।ਜਿਸ ਵਕਤ ਦੀਵਾਨ ਤੋਂ ਜਾਂਦੇ ਸੀ ਬਾਬੇ ਇਸੇ ਤਰ੍ਹਾਂ ਜਾਂਦੇ ਸੀ। ਜਿਸ ਵਕਤ ਉੱਥੋਂ ਚਲੇ ਗਏ ਹਨ ਤੇ ਉਹਦੇ ਬਾਅਦ, ਕੁੱਛ ਘੰਟਿਆਂ ਦੇ ਬਾਅਦ ਸੇਵਕ ਭੱਜੇ ਨੱਠੇ ਆਪਸ ਵਿੱਚ ਗੱਲਾਂ ਕਰ ਰਹੇ ਹਨ ਕਿ ਬਾਬੇ ਪਤਾ ਹੀ ਨਹੀਂ ਕਿਸ ਪਾਸੇ ਨਿਕਲ ਗਏ ਹਨ, ਬਾਬੇ ਤਾਂ ਮੁੜੇ ਨਹੀਂ, ਪਰਤੇ ਹੀ ਨਹੀਂ।ਜਿਸ ਵਕਤ ਇਹ ਬਚਨ ਹੋ ਰਹੇ ਹਨ ਅੰਮ੍ਰਿਤ ਵੇਲਾ ਹੋ ਗਿਆ, ਦਿਨ ਚੜ੍ਹ ਗਿਆ।ਹੁਣ ਆਪਸ ਦੇ ਵਿੱਚ ਵਿਚਾਰ ਕਰ ਰਹੇ ਹਨ ਕਿ ਬਾਬੇ ਚਲੇ ਕਿੱਥੇ ਗਏ? ਹੁਕਮ ਸੀ ਕਿ ਜਿਸ ਵਕਤ ਅਸੀ ਅਸਥਾਨ ਛੱਡ ਜਾਈਏ ਉਸ ਵੇਲੇ ਜੋ ਕੁੱਛ ਪਿਆ ਹੋਇਆ ਹੈ ਸਭ ਨੂੰ ਅਗਨੀਂ ਭੇਟ ਕਰ ਦਿਉ। ਇਕ ਵੱਡਾ ਢੇਰ ਬਣਾਇਆ ਗਿਆ ਔਰ ਉਸਨੂੰ ਅਗਨੀਂ ਭੇਟ ਕਰ ਦਿੱਤਾ।ਮਹਾਂਪੁਰਖ ਦੇਖ ਰਹੇ ਹਨ, ਮਹਾਤਮਾ ਦੇਖ ਰਹੇ ਹਨ ਫਿਰ ਰੋਣਾ ਨਿਕਲ ਗਿਆ ਕਿਉਂਕਿ ਜਿਸ ਵਕਤ ਬਾਬਾ ਨੰਦ ਸਿੰਘ ਸਾਹਿਬ ਨੂੰ ਪ੍ਰਸ਼ਨ ਪੁੱਛਿਆ ਹੈ ਤੇ ਸੇਵਕਾਂ ਨੇ ਤੇ

ਕੁੱਛ ਸੰਗੀਆਂ ਨੇ ਵੀ ਉਹ ਸੁਣਿਆ ਸੀ ਜੋ ਪ੍ਰਸ਼ਨ ਪੁੱਛਿਆ, ਰੋ ਪਿਆ, ਕਹਿੰਦਾ ਮੈਂ ਪੁੱਛ ਕੀ ਬੈਠਾ ਹਾਂ? ਮੈਂ ਬਾਬਾ ਜੀ ਨੂੰ ਕੀ ਪੁੱਛ ਬੈਠਾ ਹਾਂ ਰੋਂਦਾ ਹੋਇਆ ਜੋ ਕਹਿੰਦਾ ਹੈ ਉਹ ਪਿਤਾ ਜੀ ਫਿਰ ਦੱਸ ਰਹੇ ਹਨ ਕਿ ਫਿਰ ਕਹਿ ਰਿਹਾ ਹੈ ਕਿ ਬੜ੍ਹੇ ਜਨੇ ਕਿਤਾਬਾਂ ਲਿਖ ਗਏ ਹਨ ਕਿ ਤਿਆਗ ਕੀ ਹੈ? ਬੜ੍ਹੀ ਕਥਾ ਕਰ ਗਏ ਹਨ ਕਿ ਤਿਆਗ ਕੀ ਹੈ? ਕਿਤਾਬਾਂ ਪੜੀਆਂ, ਬੜ੍ਹੇ ਸਾਧੂਆਂ ਦੀ ਮਹਾਤਮਾ ਦੀ ਕਥਾ ਸੁਣੀ, ਤਿਆਗ ਕੀ ਹੈ?

ਬਾਬਾ ਨੰਦ ਸਿੰਘ ਸਾਹਿਬ ਨੇ ਪ੍ਰਸ਼ਨ ਦਾ ਉੱਤਰ ਨਹੀਂ ਦਿੱਤਾ ਪਰ ਜਿਸ ਤਰ੍ਹਾਂ ਉੱਠੇ ਸੀ ਉਸੇ ਤਰ੍ਹਾਂ ਬਾਹਰ ਨੂੰ ਚਲੇ ਗਏ ਹਨ, ਇਕ ਚੀਜ਼, ਇਕ ਬੱਸਤਰ ਤੱਕ ਨਾਲ ਨਹੀ ਲਿਆ ਇਕ ਸੇਵਕ ਤੱਕ ਨਾਲ ਨਹੀਂ ਲਿਆ ਔਰ ਵਾਪਸ ਨਹੀਂ ਪਰਤੇ। ਅੱਜ ਤਿਆਗ ਦੇ ਦਰਸ਼ਨ ਹੋਏ ਹਨ। ਬਾਬਾ ਨੰਦ ਸਿੰਘ ਸਾਹਿਬ ਕਥਨੀਂ ਵਿੱਚ ਨਹੀ ਹਨ। ਮੈ ਵਿਚਾਰ ਜੋਗਾ ਹੁੰਦਾ ਤੇ ਹੁਣ ਤੱਕ ਜਿੰਨੀਆਂ ਕਿਤਾਬਾਂ ਪੜ੍ਹੀਆਂ ਹਨ ਬੜ੍ਹੇ-ਬੜ੍ਹੇ ਮਹਾਂਪੁਰਖਾਂ ਦੇ ਦਰਸ਼ਨ ਕੀਤੇ ਹਨ ਅਤੇ ਉਨ੍ਹਾਂ ਤੋਂ ਤਿਆਗ ਦੀ ਕਥਾ ਸੁਣੀ ਹੈ, ਬਚਨ ਸੁਣੇ ਹਨ,

> **ਪਰ ਕਹਿਣ ਲੱਗਾ ਅਗਰ ਤਿਆਗ ਦੇ ਦਰਸ਼ਨ ਕੀਤੇ ਹਨ ਤਾਂ ਬਾਬਾ ਨੰਦ ਸਿੰਘ ਸਾਹਿਬ ਉਹਦੇ ਅਰਥ ਹੀ ਨਹੀਂ ਹਨ, ਬਾਬਾ ਨੰਦ ਸਿੰਘ ਸਾਹਿਬ ਆਪ ਤਿਆਗ ਦੇ ਅਵਤਾਰ ਹਨ, ਤਿਆਗ ਹੀ ਤਿਆਗ ਹਨ।**

ਫਿਰ ਸਾਧ ਸੰਗਤ ਜੀ ਰੋ ਰੋ ਕੇ ਮਾਫੀ ਮੰਗ ਰਿਹਾ ਹੈ ਸੰਗਤ ਕੋਲੋਂ ਕਿ ਮੈਨੂੰ ਮਾਫ਼ ਕਰ ਦਿਉ

ਜਿਹੜਾ ਪ੍ਰਸ਼ਨ ਮੈਂ ਕੀਤਾ ਹੈ ਉਹਦਾ ਜਵਾਬ ਜੋ ਦਿੱਤਾ ਹੈ ਬਾਬਾ ਨੰਦ ਸਿੰਘ ਸਾਹਿਬ ਨੇਂ। ਸਾਧ ਸੰਗਤ ਜੀ, ਜੋ ਬਾਬਾ ਨੰਦ ਸਿੰਘ ਸਾਹਿਬ ਸਨ, ਜੋ ਉਨ੍ਹਾਂ ਦਾ ਜੀਵਨ ਸੀ,

**ਜਦੋਂ ਕਈ ਮਹੀਨਿਆਂ ਬਾਅਦ ਪਤਾ ਲੱਗਾ ਕਿ ਇਕ ਮਹਾਂਰਿਸ਼ੀ ਅਖੰਡ ਸਮਾਧੀ ਦੇ ਵਿੱਚ ਹੜੱਪੇ ਦੇ ਸੰਘਣੇ ਜੰਗਲਾਂ ਵਿੱਚ ਬੈਠਾ ਹੈ ਉਥੇ ਅਖੰਡ ਸਮਾਧੀ ਲਾਈ ਬੈਠਾ ਹੈ। ਪੱਤੋਕੀ ਦੀ ਸੰਗਤ ਨੇ ਜਾ ਲੱਭਿਆ, ਉੱਥੇ ਜਦੋਂ ਲੱਭਿਆ ਹੈ, ਉਹ ਕੋਈ ਹੋਰ ਨਹੀਂ ਸੀ ਉਹ ਮੇਰੇ ਬਾਬਾ ਨੰਦ ਸਿੰਘ ਸਾਹਿਬ ਹੀ ਸਨ।**

*ਇਕ ਤਿੱਲ ਦੀ ਤਮਾ ਨਾਂ ਰੱਖਣ ਬਾਬੇ*
*ਜੋਤ ਨੂਰੋਂ ਨੂਰ ਹੁੰਦੇ ॥*
*ਕਦੇ ਮਾਇਆ ਨੂੰ ਹੱਥ ਨਾ ਲਾਉਣ ਬਾਬੇ*
*ਐਨੇ ਬੇਪਰਵਾਹ ਹਜ਼ੂਰ ਹੁੰਦੇ॥*
*ਸੂਈ ਦੇ ਨੱਕੇ ਜਿੰਨੀ ਸ਼ੈ ਬਣਾਈ ਨਹੀਂ ਅਪਣਾਈ ਨਹੀਂ ॥*
*ਐਸੀ ਖੇਡ ਰਚਾ ਗਏ ਨੇ,*
*ਵਾਹ ਵਾਹ ਬਾਬਾ ਨੰਦ ਸਿੰਘ ਜੀ ॥*
*ਕੋਈ ਨਿਸ਼ਾਨੀ ਪਾਈ ਨਹੀਂ*
*ਭੋਰੇ ਤੱਕ ਵੀ ਢੁਵਾ ਗਏ ਨੇ ॥*

ਗੁਰੂ ਗ੍ਰੰਥ ਦੇ ਨਾਮ ਤੇ ਆਪਣਾ
ਨਾਮ ਤੇ ਨਿਸ਼ਾਨ ਮਿਟਾ ਗਏ ਨੇ ॥

ਬਾਬਾ ਨੰਦ ਸਿੰਘ ਜੀ ਦੇ ਦਰ ਤੇ
ਕਾਮਨੀ ਕੰਚਨ ਦਾ, ਅਸਥਾਨ ਨਹੀਂ ਹੈ ।

ਬਾਬੇ ਨੰਦ ਸਿੰਘ ਜੀ ਦੇ ਦਰ ਤੇ,
ਕੋਈ ਮਾਇਆ ਪਰਵਾਣ ਨਹੀਂ ਹੈ ।

ਏਥੇ ਜੋ ਵੀ ਸਵਾਲੀ ਆਏ,
ਕੋਈ ਹਥੋਂ ਨਾ ਖਾਲੀ ਜਾਏ ।

ਕਾਮਧੇਨ ਤੇ ਕਲਪ ਬਿਰਛ ਵੀ,
ਇਥੋਂ ਮੰਗਾਂ ਮੰਗਣ ਆਏ ।

ਸੁਣੋ ਮੇਰੇ ਵੀਰ ਜੀਓ
ਬਾਬੇ ਨੰਦ ਸਿੰਘ ਜੀ ਦੀ ਅਮਰ ਕਥਾ ॥

# ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ

ਇਕ ਦਫ਼ਾ ਛੋਟੇ ਠਾਠ ਤੇ ਸ਼ਾਮ ਦੇ ਕੀਰਤਨ ਦੇ ਦੀਵਾਨ ਦਾ ਜਿਸ ਵਕਤ ਭੋਗ ਪਿਆ ਹੈ ਬਾਬਾ ਨੰਦ ਸਿੰਘ ਸਾਹਿਬ ਜਿਸ ਵਕਤ ਆਪਣੇ ਆਸਣ ਤੋਂ ਉੱਠ ਕੇ ਬਾਹਰ ਆਏ ਹਨ, ਤਲਾਈ ਦੇ ਕੋਲ ਪਹੁੰਚੇ ਹਨ ਤੇ ਪਿਤਾ ਜੀ ਨੇ ਉਨ੍ਹਾਂ ਦਾ ਜੋੜਾ ਉਨ੍ਹਾਂ ਦੇ ਚਰਨ ਕਮਲਾਂ ਦੇ ਅੱਗੇ ਕਰ ਦਿੱਤਾ। ਬਾਬਾ ਨੰਦ ਸਿੰਘ ਸਾਹਿਬ ਉਹ ਜੋੜਾ ਪਾਉਣ ਲੱਗੇ ਹਨ ਤੇ ਉਨ੍ਹਾਂ ਨੇ ਆਪਣਾ ਮੁਬਾਰਕ ਹੱਥ ਪਿਤਾ ਜੀ ਦੇ ਮੋਢੇ ਤੇ ਰੱਖਿਆ, ਰੱਖ ਕੇ ਉਹ ਜੋੜਾ ਪਾਉਣ ਲੱਗੇ ਹਨ ਜਿਸ ਵਕਤ ਜੋੜਾ ਪਾਇਆ ਹੈ ਜੋੜਾ ਪਾਉਂਦੇ ਹੀ ਉਨ੍ਹਾਂ ਦਾ ਜਿਹੜਾ ਚੋਲਾ ਸਾਹਿਬ ਸੀ ਉਸ ਦਾ ਬਾਜੂ ਉਹ ਖਿਸਕ ਕੇ ਥੋੜ੍ਹਾ ਉੱਤੇ ਨੂੰ ਹੋ ਗਿਆ ਤੇ ਬਾਬਾ ਨੰਦ ਸਿੰਘ ਸਾਹਿਬ ਦੀ ਪਾਵਨ ਕਲਾਈ ਪਿਤਾ ਜੀ ਦੇ ਕੰਨ ਨਾਲ ਛੂਈ ਹੈ। ਜਿਸ ਵਕਤ ਕੰਨ ਨਾਲ ਛੂਈ ਹੈ ਇਕ ਐਸਾ ਨਿਰੰਕਾਰੀ ਚਮਤਕਾਰ, ਇਲਾਹੀ ਚਮਤਕਾਰ ਹੋਇਆ ਉਸ ਵੇਲੇ ਪਿਤਾ ਜੀ ਜਿਸ ਤਰ੍ਹਾਂ ਆਪਣੀ ਜ਼ੁਬਾਨੀ ਉਨ੍ਹਾਂ ਨੇ ਦੱਸੀ ਇਹ ਚੀਜ਼ ਕਿ ਵਾਹਿਗੁਰੂ ਸ਼ਬਦ ਦੀ ਧੁਨੀ (ਬਾਬਾ ਨੰਦ ਸਿੰਘ ਸਾਹਿਬ ਦੇ) ਰੋਮ ਰੋਮ ਵਿੱਚੋਂ ਗੂੰਝ ਰਹੀ ਸੀ,

*ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥*

ਉਹ ਧੁਨੀਂ ਜਿਹੜੀ ਰੋਮ ਰੋਮ ਵਿੱਚੋਂ ਗੂੰਝਦੀ ਹੈ, ਇਕ ਤਾਂ ਆਪਾਂ ਆਪਣੀ ਰਸਨਾਂ ਦੇ ਨਾਲ ਕੋਈ ਧੁਨੀਂ ਉਚਾਰਦੇ ਹਾਂ, ਕੀਰਤਨ ਕਰਦੇ ਹਾਂ। ਰੋਮ ਰੋਮ ਵਿੱਚੋਂ ਜਿਹੜੀ ਧੁਨੀਂ ਗੂੰਝ ਰਹੀ ਸੀ

ਉਸ ਇਲਾਹੀ ਧੁਨੀਂ ਔਰ ਉਹ ਵੀ ਕੋਈ ਇਕ ਰੋਮ ਵਿੱਚੋਂ ਨਹੀ ਸਾਰੇ ਰੋਮਾਂ ਦੀ ਉਹ ਧੁਨੀਂ ਜਿਸ ਵਕਤ ਪਿਤਾ ਜੀ ਦੇ ਕੰਨਾਂ ਵਿੱਚ ਪਈ ਹੈ ਪਿਤਾ ਜੀ ਕਹਿਣ ਲੱਗੇ ਕਿ ਮੈਂ ਪੂਰੀ ਸੁਧ-ਬੁਧ ਭੁੱਲ ਗਿਆ, ਉਸ ਵੇਲੇ ਹੋਸ਼ ਹੀ ਨਹੀ ਰਹੀ। ਕਹਿਣ ਲੱਗੇ, ਮੈਂ ਉਹ ਸੁਆਦ ਦੇ ਵਿੱਚ ਉਹ ਸਰੂਰ, ਉਹ ਨਸ਼ਾ ਜਿਹੜਾ ਉਸ ਵੇਲੇ ਆਇਆ ਹੈ ਜਿਸਨੂੰ ਕੋਈ ਬਿਆਨ ਕਰ ਹੀ ਨਹੀਂ ਸਕਦਾ, ਮੈਂ ਉਸ ਵੇਲੇ ਡਿੱਗਣ ਲੱਗਾ, ਜਦੋਂ ਡਿੱਗਣ ਲੱਗਾ ਆਪਣੀ ਹੋਸ਼ ਗੁਆ ਬੈਠਾ ਸੀ ਤਾਂ ਬਾਬਾ ਨੰਦ ਸਿੰਘ ਸਾਹਿਬ ਨੇ ਆਪਣਾ ਉਹੀ ਮੁਬਾਰਕ ਹੱਥ ਜਿਹੜਾ ਮੋਢੇ ਤੇ ਸੀ, ਮੋਢੇ ਨੂੰ ਘੁੱਟ ਕੇ ਫੜ੍ਹ ਕੇ ਕਹਿਣ ਲੱਗੇ, ਪੁੱਤ ਆਪਣੇ ਆਪ ਨੂੰ ਸੰਭਾਲ, ਉਨ੍ਹਾਂ ਨੇ ਹੀ ਸੰਭਾਲਿਆ। ਉਸ ਦੇ ਬਾਅਦ ਉਸ ਮਦਹੋਸ਼ੀ ਦੀ ਹਾਲਤ ਇਸ ਤਰ੍ਹਾਂ ਦੀ ਸੀ ਕਿ ਇਕੋ ਹੀ ਚੀਜ਼ ਉਹ ਗੂੰਝ ਰਹੀ ਸੀ ਔਰ ਉਹ ਹਿਰਦੇ ਵਿੱਚ ਉਸੇ ਤਰ੍ਹਾਂ ਗੂੰਝ ਰਹੀ ਸੀ ਜਿਸ ਤਰ੍ਹਾਂ ਬਾਬਾ ਨੰਦ ਸਿੰਘ ਸਾਹਿਬ ਦੇ ਉਸ ਵੇਲੇ ਕਲਾਈ ਤੋਂ ਸੁਣੀ ਸੀ। ਸਾਧ ਸੰਗਤ ਜੀ, ਫਿਰ ਉਸ ਮਦਹੋਸ਼ੀ ਦਾ ਜਿਹੜਾ ਅਸਰ ਪਿਤਾ ਜੀ ਤੇ ਦੇਖਿਆ ਹੈ ਪਰ ਜਿਹੜੀ ਚੀਜ਼ ਇਸ ਵੇਲੇ ਵਾਝੇ ਕਰਨਾ ਚਾਹੁੰਦਾ ਹਾਂ ਕਿ ਉਸ ਵੇਲੇ ਜਿਹੜੀ ਪਿਤਾ ਜੀ ਨੇ ਗੱਲ ਕਹੀ, ਕਹਿਣ ਲੱਗੇ, ਕਾਕਾ ਤੂੰ ਇਸ ਦਾ ਮੱਤਲਬ ਸਮਝਦਾ ਹੈ?

**ਜੇ ਬਾਬਾ ਨੰਦ ਸਿੰਘ ਸਾਹਿਬ ਦੇ ਸੱਤ ਕਰੋੜ ਰੋਮਾਂ ਦੇ ਵਿੱਚੋਂ ਵਾਹਿਗੁਰੂ ਸ਼ਬਦ ਦਾ ਜਾਪ ਹੋ ਰਿਹਾ ਹੈ, ਜੇ ਉਹ ਮੁੱਖੋਂ ਵਾਹਿਗੁਰੂ ਰਸਨਾਂ ਤੋਂ ਕਹਿ ਰਹੇ ਹਨ ਉਸ ਵੇਲੇ 7 ਕਰੋੜ ਵਾਰੀ ਵਾਹਿਗੁਰੂ ਸ਼ਬਦ ਦੀ ਧੁਨੀਂ ਰੋਮ ਰੋਮ ਵਿੱਚੋਂ ਗੂੰਝ ਰਹੀ ਹੈ। ਜੇ ਉਹ ਇਕ ਜਪੁਜੀ ਸਾਹਿਬ ਦਾ ਪਾਠ ਕਰਦੇ ਹਨ ਤੇ ਸੱਤ ਕਰੋੜ ਜਪੁਜੀ ਸਾਹਿਬ ਦੇ ਪਾਠ ਸੱਤ**

**ਕਰੋੜ ਰੋਮਾਂ ਵਿੱਚੋਂ ਹੋ ਜਾਂਦੇ ਹਨ। ਜੇ ਇਕ ਸੁਖਮਨੀ ਸਾਹਿਬ ਦਾ ਪਾਠ ਕਰਦੇ ਹਨ ਤੇ ਸੱਤ ਕਰੋੜ ਸੁਖਮਨੀ ਸਾਹਿਬ ਦੇ ਪਾਠ ਹੋ ਜਾਂਦੇ ਹਨ। ਜੇ ਇਕ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਦੇ ਹਨ ਤੇ ਸੱਤ ਕਰੋੜ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਹੋ ਜਾਂਦੇ ਹਨ। ਜੇ ਬਾਬੇ ਇਕ ਸੰਪਟ ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਕਰਦੇ ਹਨ ਤੇ ਸੱਤ ਕਰੋੜ ਸੰਪਟ ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੋ ਜਾਂਦੇ ਹਨ।**

# ਮਾਨੁਖ ਬਨੁ ਤਿਨੁ ਪਸੂ ਪੰਖੀ ਸਗਲ ਤੁਝਹਿ ਅਰਾਧਤੇ

ਸਾਧ ਸੰਗਤ ਜੀ, ਪਿਤਾ ਜੀ ਨਾਲ ਬਾਬਾ ਨੰਦ ਸਿੰਘ ਸਾਹਿਬ ਦੇ ਚਰਨਾ ਵਿੱਚ ਇਕ ਦਫ਼ਾ ਪੇਸ਼ ਹੋਏ ਉਸ ਵੇਲੇ ਪੂਰਨਮਾਸ਼ੀ ਦਾ ਮੁਬਾਰਕ ਦਿਹਾੜਾ ਸੀ। ਗੁਰੂ ਨਾਨਕ ਪਾਤਸ਼ਾਹ ਦਾ ਪ੍ਰਕਾਸ਼ ਉਤੱਸਵ ਹੈ। ਕੀਰਤਨ ਦੇ ਵਿਚ ਸੰਗਤ ਝੂਮ ਰਹੀ ਹੈ। ਜਿਸ ਵਕਤ ਅਰਦਾਸ ਦਾ ਵਕਤ ਆਇਆ ਹੈ, ਬਾਬਾ ਨੰਦ ਸਿੰਘ ਸਾਹਿਬ ਨੇ ਜਿਸ ਤਰ੍ਹਾਂ ਫਿਰ ਅਰਦਾਸ ਕੀਤੀ ਹੈ, ਜਿਸ ਤਰ੍ਹਾਂ ਸੱਦ ਮਾਰੀ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਉਸ ਨਿਰੰਕਾਰ ਦੀ ਜੋਤ ਨੂੰ, ਗੁਰੂ ਨਾਨਕ ਪਾਤਸ਼ਾਹ ਨੂੰ ਜਿਸ ਤਰ੍ਹਾਂ ਫਿਰ ਬਚਨ ਬਿਲਾਸ ਹੋਏ ਹਨ, ਪ੍ਰਤੱਖ ਬਾਬਾ ਨੰਦ ਸਿੰਘ ਸਾਹਿਬ ਦੇ ਵਿਚ ਅਤੇ ਗੁਰੂ ਨਾਨਕ ਤੇ ਸ੍ਰੀ ਗੁਰੂ

ਗ੍ਰੰਥ ਸਾਹਿਬ ਦੇ ਵਿੱਚ। ਉਹ ਅਰਦਾਸ ਕੰਨਾਂ ਵਿੱਚ ਹੁਣ ਵੀ ਗੂੰਝ ਰਹੀ ਹੈ।

> **ਸਾਧ ਸੰਗਤ ਜੀ, ਜਿਸ ਤਰ੍ਹਾਂ ਬਾਬਾ ਨੰਦ ਸਿੰਘ ਸਾਹਿਬ ਨੇ, ਜਿਸ ਨਿਮਰਤਾ ਵਿਚ ਗਿੜਗਿੜਾ ਕੇ ਅਰਦਾਸ ਕੀਤੀ ਹੈ ਕਿ ਤੇਰਾ ਨਿੱਤ ਦਾ ਮੰਗਤਾ, ਹੇ ਸੱਚੇ ਪਾਤਸ਼ਾਹ ਝੋਲੀ ਅੱਡੀ ਤੇਰੇ ਦਰ ਤੇ ਖੜ੍ਹਾ ਹੈ ਤੇਰੇ ਚਰਨ ਕਮਲਾਂ ਵਿਚ ਖੜ੍ਹਾ ਹੈ। ਫਿਰ ਸੱਚੇ ਪਾਤਸ਼ਾਹ ਦੇ ਅੱਗੇ ਕਹਿ ਕੀ ਰਹੇ ਹਨ ਕਿ ਹੇ ਗੁਰੂ ਨਾਨਕ, ਹੇ ਦੀਨ-ਦੁਨੀਂ ਦੇ ਵਾਲੀ ਸੱਚੇ ਪਾਤਸ਼ਾਹ, ਹੇ ਨਿਰੰਕਾਰ ਸਰੂਪ ਗੁਰੂ ਨਾਨਕ ਅੱਜ ਤਾਂ ਤੇਰਾ ਪ੍ਰਕਾਸ਼ ਉਤੱਸਵ ਹੈ, ਜਿਸ ਵਕਤ ਦੁਨੀਆਂ ਦੇ ਬਾਦਸ਼ਾਹ ਦਾ ਜਨਮ ਦਿਨ ਹੁੰਦਾ ਹੈ ਉਸ ਦਿਨ ਕੈਦੀਆਂ ਨੂੰ, ਬੰਦੀਆਂ ਨੂੰ ਰਿਹਾ ਕਰ ਦਿੱਤਾ ਜਾਂਦਾ ਹੈ। ਹੇ ਸਾਹਿਬ ਸੱਚੇ ਪਾਤਸ਼ਾਹ, ਹੇ ਸੱਚਖੰਡ ਦੇ ਮਾਲਕ ਅੱਜ ਤਾਂ ਤੇਰਾ ਪ੍ਰਕਾਸ਼ ਉਤੱਸਵ ਹੈ। ਗਰੀਬ ਨਿਵਾਜ਼ ਸੱਚੇ ਪਾਤਸ਼ਾਹ ਅੱਜ ਜਿੰਨੇ ਵੀ ਜੀਵ-ਜੰਤ, ਜਿਸ ਵਕਤ ਜੀਵ ਜੰਤ ਕਿਹਾ ਉਸ ਦੇ ਬਾਅਦ ਅਸੀਂ ਕੀ ਸੁਣ ਰਹੇ ਹਾਂ। ਪਸ਼ੂ ਪੰਛੀ, ਪੰਖੀ-ਪੰਖੇਰੂ, ਕੀਟ-ਪਤੰਗਾ ਜੋ ਵੀ ਇਸ ਵੇਲੇ ਤੇਰੇ ਦਰਬਾਰ ਵਿੱਚ ਹਾਜ਼ਿਰ ਹੈ ਸੱਚੇ ਪਾਤਸ਼ਾਹ ਉਹ ਬੰਦੀਆਂ ਨੂੰ, ਉਹ ਕੈਦੀਆਂ ਨੂੰ ਰਿਹਾ ਕਰ ਦੇ, ਉਨ੍ਹਾਂ ਦੇ ਬੰਧਨ ਕੱਟ ਦੇ।**

ਇਕ ਦਿਲ ਨੂੰ ਹਿਲਾਉਣ ਵਾਲੀ ਉਸ ਸਮੇਂ ਅਰਦਾਸ ਸੁਣੀ ਹੈ ਜਿਸ ਦੇ ਵਿਚ ਮੇਰਾ ਮਾਲਕ, ਮੇਰਾ ਮੁਰਸ਼ੱਦ, ਮੇਰਾ ਸਾਹਿਬ, ਮੇਰਾ ਪ੍ਰੀਤਮ ਬਾਬਾ ਨੰਦ ਸਿੰਘ ਸਾਹਿਬ, ਗੁਰੂ ਨਾਨਕ ਪਾਤਸ਼ਾਹ, ਸ੍ਰੀ

ਗੁਰੂ ਗ੍ਰੰਥ ਸਾਹਿਬ ਕੋਲੋਂ ਕੀ ਮੰਗ ਕਰ ਰਹੇ ਹਨ? ਜਿੱਥੇ ਖੜ੍ਹੇ ਹਨ, ਜਿੱਥੇ ਜੰਗਲ ਵਿਚ ਦਰਬਾਰ ਸੱਜਿਆ ਹੋਇਆ ਹੈ ਉੱਥੇ ਇੱਕਲੇ ਇਨਸਾਨ ਤਾਂ ਨਹੀਂ ਸੀ ਉੱਥੇ ਤਾਂ ਕੀਟ-ਪਤੰਗਾਂ, ਪੰਖੀ ਪੰਖੇਰੂ, ਪਸ਼ੂ ਪੰਛੀ ਸਾਰੇ ਸੀ ਉਸ ਦਰਬਾਰ ਦੇ ਵਿਚ ਉਹ ਸਾਰਿਆਂ ਨੂੰ,

*ਗੁਰਮੁਖਿ ਕੋਟਿ ਉਧਾਰਦਾ ਭਾਈ*
*ਦੇ ਨਾਵੈ ਏਕ ਕਣੀ ॥*

ਉਸ ਵੇਲੇ ਬਾਬਾ ਨੰਦ ਸਿੰਘ ਸਾਹਿਬ, ਜਿਨ੍ਹਾਂ ਨੂੰ ਇਕ ਤਿੱਲ ਦੀ ਤਮਾਂ ਨਹੀਂ, ਉਸ ਵੇਲੇ ਕਰੋੜਾਂ ਦਾ ਉਧਾਰ ਕਰ ਕਿੱਦਾਂ ਰਹੇ ਹਨ ਔਰ ਉਹ ਵੀ ਗੁਰੂ ਨਾਨਕ ਪਾਤਸ਼ਾਹ ਕੋਲੋਂ, ਸ੍ਰੀ ਗੁਰੂ ਗ੍ਰੰਥ ਸਾਹਿਬ ਕੋਲੋਂ ਕਰਵਾ ਰਹੇ ਹਨ ਕਿਉਂਕਿ ਆਪਣਾ ਨਾਮ ਤੇ ਨਿਸ਼ਾਨ ਉਨ੍ਹਾਂ ਨੇ ਪੂਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ, ਗੁਰੂ ਨਾਨਕ ਪਾਤਸ਼ਾਹ ਦੇ ਨਾਮ ਤੇ ਮਿਟਾ ਦਿੱਤਾ ਸੀ।

*ਮਾਨੁਖ ਬਨੁ ਤਿਨੁ ਪਸੂ ਪੰਖੀ*
*ਸਗਲ ਤੁਝਹਿ ਅਰਾਧਤੇ ॥*

*ਦਇਆਲ ਲਾਲ ਗੋਬਿੰਦ*
*ਨਾਨਕ ਮਿਲੁ ਸਾਧਸੰਗਤਿ ਹੋਇ ਗਤੇ ॥*

*ਗਣ ਗੰਧਰਬ ਦੇਵ ਮਾਨੁਖੵੰ*

*ਪਸੁ ਪੰਖੀ ਬਿਮੋਹਨਹ ॥*
*ਹਰਿ ਕਰਣਹਾਰੰ ਨਮਸਕਾਰੰ ਸਰਣਿ*
*ਨਾਨਕ ਜਗਦੀਸ੍ਵਰਹ ॥*

*ਸਿਮਰਹਿ ਪਸੁ ਪੰਖੀ ਸਭਿ ਭੂਤਾ ॥*
*ਸਿਮਰਹਿ ਬਨ ਪਰਬਤ ਅਉਧੂਤਾ ॥*

*ਸਿਮਰਹਿ ਥੂਲ ਸੂਖਮ ਸਭਿ ਜੰਤਾ॥*
*ਸਿਮਰਹਿ ਸਿਧ ਸਾਧਿਕ ਹਰਿ ਮੰਤਾ॥*

## ਆਪਿ ਮੁਕਤੁ ਮੁਕਤੁ ਕਰੈ ਸੰਸਾਰੁ

ਜਨ ਦੇ ਬਾਰੇ ਵਿਚ ਗੁਰੂ ਸਾਹਿਬ ਫੁਰਮਾ ਰਹੇ ਹਨ ਇਹ ਤਾਂ ਗੁਰੂ ਨਾਨਕ ਪਾਤਸ਼ਾਹ ਦਾ ਨਿਰੋਲ ਤੇ ਨਿਰਮਲ ਪ੍ਰੇਮ ਪ੍ਰਕਾਸ਼ ਸੀ ਔਰ ਜਿਸ ਨਿਮਰਤਾ ਦੇ ਵਿਚ ਬਾਬਾ ਨੰਦ ਸਿੰਘ ਸਾਹਿਬ ਗੁਰੂ ਨਾਨਕ ਪਾਤਸ਼ਾਹ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਾਮ ਦੇ ਉੱਤੇ ਆਪਣਾ ਨਾਮ ਤੇ ਨਿਸ਼ਾਨ ਮਿਟਾ ਗਏ

ਹਨ, ਜਿਸ ਨਿਮਰਤਾ ਔਰ ਗਰੀਬੀ ਦੇ ਵਿਚ ਉਨ੍ਹਾਂ ਨੇ ਆਪਣਾ ਨਾਮ ਵਿੱਚ ਹੀ ਨਹੀਂ ਆਉਣ ਦਿੱਤਾ। ਇਹ ਉਹ ਪ੍ਰਕਾਸ਼ ਸੀ ਨਿਮਰਤਾ ਤੇ ਗਰੀਬੀ ਦਾ, ਇਹ ਉਹ ਜਨ ਦਾ ਪ੍ਰਕਾਸ਼, ਨਿਰੰਕਾਰ ਦਾ ਪ੍ਰਕਾਸ਼, ਸਾਧ ਸੰਗਤ ਜੀ,

*ਆਪਿ ਮੁਕਤੁ ਮੁਕਤੁ ਕਰੈ ਸੰਸਾਰੁ॥*
*ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥*

ਉਹ ਜਨ, ਉਹ ਨਿਰੰਕਾਰ ਦਾ ਪ੍ਰਕਾਸ਼ ਪੂਰਨ ਨਾਮ ਦਾ ਪ੍ਰਕਾਸ਼ ਹੋਏਗਾ। ਬਾਬਾ ਨੰਦ ਸਿੰਘ ਸਾਹਿਬ ਜੇ ਉਹ ਨਾਮ ਦਾ ਪੂਰਨ ਪ੍ਰਕਾਸ਼ ਸੀ ਤੇ ਫਿਰ ਉਹ ਨਾਮ ਦੀ ਹਰ ਇਕ ਜਗ੍ਹਾ ਇਕ ਕਣੀਂ ਦਿੰਦੇ ਹੋਏ ਕਿਸ ਤਰ੍ਹਾਂ ਇਸ ਸੰਸਾਰ ਨੂੰ ਮੁਕਤੀਆਂ ਪ੍ਰਦਾਨ ਕਰ ਰਹੇ ਹਨ, ਕਿਸ ਤਰ੍ਹਾਂ ਉਸ ਮੁਕਤੀ ਦੀ ਬਰਖਾ ਕਰ ਰਹੇ ਹਨ ਪਰ ਇਕ ਤਿੱਲ ਦੀ ਤਮਾ ਨਹੀਂ ਹੈ ਕਿਉਂਕਿ ਆਪਣਾ ਨਾਮ ਤੇ ਨਿਸ਼ਾਨ ਮਿਟਾ ਦਿੱਤਾ ਹੈ ਉੱਧਰ ਦੇਖਦੇ ਵੀ ਨਹੀਂ। ਜਿਸ ਧਰਤੀ ਤੋਂ ਵੀ ਲੰਘਦੇ ਜਾਂਦੇ ਹਨ ਉਸ ਧਰਤੀ ਨੂੰ ਵੀ ਭਾਗ ਲਾਈ ਜਾਂਦੇ ਹਨ ਕਿਉਂਕਿ ਇਹ ਉਹ ਜਨ ਹੈ ਜਿਹਦੇ ਵਿਚ ਪੂਰਨ ਸਮਰੱਥਾ ਹੈ ਸਾਰੇ ਸੰਸਾਰ ਨੂੰ ਮੁਕਤੀ ਪ੍ਰਦਾਨ ਕਰਨ ਦੀ। **"ਆਪਿ ਮੁਕਤੁ ਮੁਕਤੁ ਕਰੈ ਸੰਸਾਰੁ"** ਸਾਰੇ ਸੰਸਾਰ ਨੂੰ ਮੁਕਤੀ ਪ੍ਰਦਾਨ ਕਰਨ ਵਾਲੀ ਸ਼ਕਤੀ ਨਿਰੰਕਾਰ ਦੇ ਉਸ ਜਨ ਦੇ ਵਿਚ, ਉਸ ਪ੍ਰਕਾਸ਼ ਦੇ ਵਿਚ ਹੁੰਦੀ ਹੈ। ਇਹ ਉਹ ਜਨ ਹੈ ਪਰ ਸਾਧ ਸੰਗਤ ਜੀ, ਇਕ ਲੇਸ ਮਾਤਰ ਵੀ ਮਾਣ ਨਹੀਂ ਕੀਤਾ, ਇਕ ਲੇਸ ਮਾਤਰ ਵੀ ਤਮਾ ਨਹੀ ਹੈ, ਉਸ ਪਾਸੇ ਦੇਖਿਆ ਹੀ ਨਹੀਂ, ਪਿੱਛੇ ਮੁੜ ਕੇ ਦੇਖਿਆ ਹੀ ਨਹੀਂ ਕਿ ਸਾਰੇ

ਸੰਸਾਰ ਨੂੰ ਮੁਕਤੀਆਂ ਬਖਸ਼ਦੇ ਹੋਏ ਬਾਬਾ ਨੰਦ ਸਿੰਘ ਸਾਹਿਬ ਆਪਣੇ ਗੁਰੂ ਨਾਨਕ ਪਾਤਸ਼ਾਹ ਦੇ ਚਰਨ ਕਮਲਾਂ ਦੇ ਵਿਚ ਤੁਰੇ ਜਾਂ ਰਹੇ ਹਨ ਆਪਣੇ ਲਕਸ਼ ਵੱਲ ਹੀ ਤੁਰੇ ਜਾ ਰਹੇ ਹਨ। ਕੀ ਮਜ਼ਾਲ ਹੈ ਕਿਸੇ ਪਾਸੇ ਧਿਆਨ ਵੀ ਗਿਆ ਹੋਵੇ। ਧੰਨ ਹਨ ਬਾਬਾ ਨੰਦ ਸਿੰਘ ਸਾਹਿਬ ਉਸ ਮੁਕਤੀ ਦੇ, ਉਸ ਤਿਆਗ ਦੇ ਪੂਰਨ ਪ੍ਰਕਾਸ਼ ਹਨ ।

*ਛੈਨੀ ਪਕੜ ਕੇ ਹਥ ਮਿਆਨ ਵਾਲੀ,*
*ਬਾਬੇ ਸੰਗਲ ਚੌਰਾਸੀ ਦੇ ਕਟ ਦਿੰਦੇ ॥*

*ਮਲੱਮ ਲਾਕੇ ਰੱਬੀ ਪਿਆਰ ਵਾਲੀ,*
*ਮੇਲ ਦੁਈ ਦਵੈਤ ਦੇ ਫਟ ਦਿੰਦੇ ॥*

*ਚੌਰਾਸੀ ਲੱਖ ਜੂਨ ਉਪਾਈ,*
*ਉਸਦੇ ਖੇਲ ਨਿਆਰੇ ॥*

*ਬਹੁਰੰਗੀ ਹੈ ਰਚਨਾ ਉਸਦੀ*
*ਭਗਤੀ ਕਰਦੇ ਸਾਰੇ ॥*

*ਜਿੱਥੇ ਬਾਬੇ ਚਰਨ ਛੁਹਾਏ,*
*ਉਧਾਰ ਸਭਨਾ ਦਾ ਕੀਤਾ ॥*

*ਪਸ਼ੂ ਪੰਖੀ ਕੀ ਕੀਟ ਪਤੰਗਾ*

*ਸਭਨੂੰ ਬਖਸ਼ ਦਿੱਤਾ ॥*

*ਸੁਣੋ ਮੇਰੇ ਵੀਰ ਜੀਉ*
*ਬਾਬੇ ਨੰਦ ਸਿੰਘ ਜੀ ਦੀ ਅਮਰ ਕਥਾ ॥*

## ਆਪੁ ਤਿਆਗਿ ਹੋਈਐ ਸਭ ਰੇਣਾ

ਪਿਤਾ ਜੀ ਨੇ ਇਹ ਗੁੱਝੀਆਂ ਰਮਜ਼ਾਂ, ਇਹ ਗੁੱਝੇ ਰਹਿਸਾਂ ਦੇ ਉੱਤੇ ਪ੍ਰਕਾਸ਼ ਪਾਇਆ ਹੈ। ਆਪ ਨਾਲ ਉਹ ਵੀ ਸਾਂਝੇ ਕਰਦਾ ਹਾਂ। ਪਿਤਾ ਜੀ ਕਹਿਣ ਲੱਗੇ,

*ਬ੍ਰਹਮ ਗਿਆਨੀ ਸਗਲ ਕੀ ਰੀਨਾ॥*

*ਆਤਮ ਰਸੁ ਬ੍ਰਹਮ ਗਿਆਨੀ ਚੀਨਾ॥*

ਬ੍ਰਹਮ ਗਿਆਨੀ ਸਭ ਦੇ ਚਰਨਾਂ ਦੀ ਧੂੜ ਬਣ ਜਾਂਦਾ ਹੈ ਔਰ ਉਸ ਨਿਮਰਤਾ ਤੇ ਗਰੀਬੀ ਦੀ ਅਵਸਥਾ ਦੇ ਵਿਚ ਆਤਮ ਰਸ ਮਾਣਦਾ ਹੈ।ਆਤਮਰਸ ਕੀ ਹੋਇਆ? ਫਿਰ ਕਹਿਣ ਲੱਗੇ, ਸਾਹਿਬ

ਫੁਰਮਾਉਂਦੇ ਹਨ,

*ਪਹਿਲਾ ਮਰਣੁ ਕਬੂਲਿ*
*ਜੀਵਣ ਕੀ ਛਡਿ ਆਸ ॥*

*ਹੋਹੁ ਸਭਨਾ ਕੀ ਰੇਣੁਕਾ*
*ਤਉ ਆਉ ਹਮਾਰੈ ਪਾਸਿ ॥*

**ਪਹਿਲਾ ਮਰਨ ਕਬੂਲ,** ਪਹਿਲਾ ਮਰ ਜਾ, **ਜੀਵਨ ਕੀ ਛਡਿ ਆਸ,** ਜੀਵਤਿਆਂ ਹੀ ਮਰ ਜਾ। **ਹੋਹੁ ਸਭਨਾ ਕੀ** ਰੇਣਕਾ **ਤਉ ਆਉ ਹਮਾਰੈ ਪਾਸਿ॥** ਸਾਡਾ ਦਰ ਉਸ ਵੇਲੇ ਖੁੱਲੇਗਾ ਜੱਦ ਸਾਰਿਆਂ ਦੇ ਚਰਨਾਂ ਦੀ ਧੂੜ ਬਣ ਜਾਏਗਾ । ਨਿਮਰਤਾ ਤੇ ਗਰੀਬੀ ਤੇ ਹੋਰ ਪ੍ਰਕਾਸ਼ ਪਾਉਂਦੇ ਹੋਏ ਸਾਹਿਬ ਫੁਰਮਾਉਂਦੇ ਹਨ,

*ਆਪੁ ਤਿਆਗਿ ਹੋਈਐ ਸਭ ਰੇਣਾ*
*ਜੀਵਤਿਆ ਇਉ ਮਰੀਐ ॥*

ਪਿਤਾ ਜੀ ਕਹਿਣ ਲੱਗੇ, ਜਿਸ ਵਕਤ ਨਿਮਰਤਾ ਤੇ ਗਰੀਬੀ ਦੀ ਇਹ ਅਵਸਥਾ ਆ ਜਾਏ ਉਸ ਵੇਲੇ ਜਿਹੜੀ ਭੀਤਰ ਦੀ, ਅੰਦਰ ਦੀ ਨਿਮਰਤਾ ਤੇ ਗਰੀਬੀ ਹੈ ਜਿਸ ਵਕਤ ਮਨ ਨਿਮਰਤਾ ਤੇ ਗਰੀਬੀ ਵਿਚ ਭਿੱਜ ਜਾਏ ਉਸ ਨਿਮਰਤਾ ਤੇ ਗਰੀਬੀ ਵਿਚ ਮਨ ਮਰ ਚੁਕਿਆ ਹੈ ਉਹ ਨਿਮਰਤਾ ਤੇ ਗਰੀਬੀ ਰਿਦੈ ਦੇ ਵਿਚ ਸਮਾਂ ਚੁੱਕੀ ਹੈ । ਐਸੀ ਨਿਮਰਤਾ ਤੇ ਗਰੀਬੀ ਸਤਿਗੁਰੂ ਦੀ ਬਖਸ਼ਿਸ਼ ਦੇ

ਵਿਚ ਸਿੱਖ ਪੂਰਨ ਤੌਰ ਤੇ ਨਿਮਾਣਾ ਹੋਇਆ ਸਾਹਿਬ ਦੇ ਚਰਨਾ ਵਿਚ ਨਿਮਾਣਾ ਹੋ ਕੇ ਮੂਧਾ ਹੋ ਕੇ ਢਿਆ ਪਿਆ ਹੈ। ਕਹਿਣ ਲੱਗੇ, ਉਸ ਵੇਲੇ ਸਾਹਿਬ ਸਤਿਗੁਰੂ ਬਖਸ਼ਿਸ਼ ਕੀ ਕਰਦੇ ਹਨ ਜਿਸ ਵਕਤ ਉਸ ਨਿਮਰਤਾ ਤੇ ਗਰੀਬੀ ਤੇ ਸਾਹਿਬ ਤੁੱਠਦੇ ਹਨ, ਜਦੋਂ ਸਤਿਗੁਰੂ ਤੁੱਠਦਾ ਹੈ, ਉਸ ਵੇਲੇ ਆਤਮ ਦਾ ਦਰਵਾਜ਼ਾ ਖੋਲ੍ਹ ਦਿੰਦਾ ਹੈ। ਜਿਸ ਵਕਤ ਆਤਮ ਦਾ ਦਰਵਾਜ਼ਾ ਖੋਲ੍ਹਦਾ ਹੈ ਉਸ ਵੇਲੇ ਸਾਹਿਬ ਲੈ ਕਿੱਥੇ ਜਾਂਦੇ ਹਨ ਸਿੱਧੇ ਆਤਮ ਦੇ ਪ੍ਰਕਾਸ਼ ਵਿਚ ਲੈ ਜਾਂਦੇ ਹਨ। ਜਿਸ ਵਕਤ ਉਸ ਨਿਮਰਤਾ ਤੇ ਗਰੀਬੀ ਦੀ ਹਾਲਤ, ਸਾਰਿਆਂ ਦੇ ਚਰਨਾ ਦੀ ਧੂੜ ਬਣ ਕੇ ਸਾਹਿਬ ਉਸ ਪ੍ਰਕਾਸ਼ ਦੇ ਵਿਚ, ਉਸ ਆਤਮ ਦੇ ਪ੍ਰਕਾਸ਼ ਦੇ ਵਿਚ ਲੈ ਜਾਂਦੇ ਹਨ, ਜਿਸ ਵਕਤ ਉਸ ਪ੍ਰਕਾਸ਼ ਦੇ ਵਿਚ ਸਮਾਉਂਦਾ ਹੈ ਜਿਹੜੇ ਉਸ ਸੁਨਹਿਰੀ ਪ੍ਰਕਾਸ਼ ਦੇ ਵਿਚ, ਨਿਰੰਕਾਰ ਦੇ ਪ੍ਰਕਾਸ਼ ਦੇ ਵਿਚ ਹੁਲਾਰੇ ਆਉਂਦੇ ਹਨ, ਜਿਹੜਾ ਉਸ ਵੇਲੇ ਉਹ ਆਨੰਦ ਮਾਣਦਾ ਹੈ, ਜਿਹੜਾ ਰਸ ਉਸ ਵੇਲੇ ਪੀਂਦਾ ਹੈ ਉਸ ਨੂੰ ਆਤਮ ਰਸ ਕਹਿੰਦੇ ਹਨ।

## ਸਤਿਗੁਰੁ ਸੇਵਿ ਅੰਮ੍ਰਿਤ ਰਸੁ ਚਾਖੇ

ਪਿਤਾ ਜੀ ਇਹ ਦੱਸ ਰਹੇ ਹਨ, ਜਿਸ ਵਕਤ ਬਾਬਾ ਨੰਦ ਸਿੰਘ ਸਾਹਿਬ ਨੇ ਆਪਣੇ ਇਸ ਕੁੱਤੇ ਦੇ ਉੱਤੇ ਇਹ ਕਿਰਪਾ ਕੀਤੀ, ਜਿਸ ਨੇ ਚਰਨ ਕਮਲ ਫੜ੍ਹੇ ਹੋਏ ਹਨ ਜੋੜੇ ਪੁਆ ਰਿਹਾ ਹੈ ਜਾਰੋਜਾਰ

ਰੋ ਰਹੇ ਸਨ, ਹੰਝੂ ਜੋੜਿਆਂ ਦੇ ਉੱਤੇ ਬਹਿ ਰਹੇ ਸਨ ਉਸ ਵਕਤ ਜਿਹੜੀ ਅੰਮ੍ਰਿਤ ਦ੍ਰਿਸਟੀ ਪਾਈ ਹੈ, ਜਿਸ ਅੰਮ੍ਰਿਤ ਦ੍ਰਿਸਟੀ ਨਾਲ ਦੇਖਿਆ ਹੈ ਫਿਰ ਪਿਤਾ ਜੀ ਕਹਿਣ ਲੱਗੇ ਅੰਮ੍ਰਿਤ ਕੀ ਹੈ?

*ਸਤਿਗੁਰੁ ਸੇਵਿ ਅੰਮ੍ਰਿਤ ਰਸੁ ਚਾਖੇ ॥*

**ਅੰਮ੍ਰਿਤ ਦਾ ਰਸ ਕੀ ਹੈ? ਸਤਿਗੁਰੂ ਅੰਮ੍ਰਿਤ ਦਾ ਸਾਗਰ ਹੈ, ਅੰਮ੍ਰਿਤ ਦਾ ਸਮੁੰਦਰ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਅੰਮ੍ਰਿਤ ਦੇ ਸਮੁੰਦਰ ਹਨ। ਇਹ ਅੰਮ੍ਰਿਤ ਦਾ ਹੀ ਪ੍ਰਕਾਸ਼ ਹੈ, ਪ੍ਰਕਾਸ਼ ਦਾ ਰੂਪ ਹੀ ਅੰਮ੍ਰਿਤ ਹੈ ਅਤੇ ਅੰਮ੍ਰਿਤ ਦਾ ਰੂਪ ਪ੍ਰਕਾਸ਼ ਹੈ। ਜਿਸ ਵਕਤ ਸਾਹਿਬ ਆਪਣੇ ਹੀ 'ਜਨ' ਨੂੰ ਭੇਜਦੇ ਹਨ, ਪ੍ਰਕਾਸ਼ ਨੂੰ ਭੇਜਦੇ ਹਨ ਤੇ ਆਪ ਹੀ ਉਸ ਦਾ ਇਕ ਦੂਜਾ ਵਿਸ਼ੇਸ਼ ਗੁਣ ਦੱਸਦੇ ਹਨ,**

*ਮਹਾ ਪੁਰਖਾ ਕਾ ਬੋਲਣਾ*
*ਹੋਵੈ ਕਿਤੈ ਪਰਥਾਇ ॥*

*ਓਇ ਅੰਮ੍ਰਿਤ ਭਰੇ ਭਰਪੂਰ ਹਹਿ*
*ਓਨਾ ਤਿਲੁ ਨ ਤਮਾਇ ॥*

**ਅੰਮ੍ਰਿਤ ਦੇ ਭਰੇ ਹੋਏ ਹਨ, ਅੰਮ੍ਰਿਤ ਹੀ ਅੰਮ੍ਰਿਤ ਹੈ ਮੇਰੇ ਬਾਬੇ, ਬਾਬਾ ਨੰਦ ਸਿੰਘ ਸਾਹਿਬ ਅੰਮ੍ਰਿਤ ਦੇ ਸਮੁੰਦਰ ਸਨ। ਅੰਮ੍ਰਿਤ ਉਨ੍ਹਾਂ ਦੇ ਰੋਮ ਰੋਮ ਵਿੱਚੋਂ ਵਹਿ ਰਿਹਾ ਸੀ।**

ਫਿਰ ਪਿਤਾ ਜੀ ਕਹਿਣ ਲੱਗੇ, ਅੰਮ੍ਰਿਤ ਹੀ ਅੰਮ੍ਰਿਤ ਵਹਿ ਰਿਹਾ ਸੀ ਜਿਸ ਵਕਤ ਉਹ ਬਖਸ਼ਿਸ਼ ਕੀਤੀ ਹੈ ਉਸ ਵੇਲੇ ਕਹਿਣ ਲੱਗੇ ਪਤਾ ਲੱਗਿਆ ਕਿ ਨਾਮ ਰਸ ਕੀ ਹੈ ? ਇਹ ਆਤਮ ਰਸ ਕੀ ਹੈ? ਦਸ਼ਮੇਸ਼ ਪਿਤਾ ਫੁਰਮਾਉਂਦੇ ਹਨ,

*ਆਤਮ ਰਸ ਜਿਹ ਜਾਨਹੀ*
*ਸੋ ਹੈ ਖ਼ਾਲਸ ਦੇਵ ॥*

*ਪ੍ਰਭ ਮਹਿ ਮੋ ਮਹਿ ਤਾਸ ਮਹਿ*
*ਰੰਚਕ ਨਾਹਨ ਭੇਵ ॥*

**"ਸੋ ਹੈ ਖ਼ਾਲਸ ਦੇਵੁ"**, ਖਾਲਸ ਦਾ ਮੱਤਲਬ ਹੈ ਸ਼ੁੱਧ, ਪਾਕ, ਪਵਿੱਤਰ। ਖਾਲਸਾ ਇੰਨਾਂ ਸ਼ੁੱਧ, ਪਾਕ, ਪਵਿੱਤਰ ਹੈ ਉਹ ਖਾਲਸਾ ਜਿਹੜਾ ਐਨੀ ਨਿਮਰਤਾ ਤੇ ਗਰੀਬੀ ਵਿਚ ਹੈ ਦਸ਼ਮੇਸ਼ ਪਿਤਾ ਆਪ ਹੀ ਬਖਸ਼ਿਸ਼ ਕਰਕੇ ਫਿਰ ਆਤਮ ਰਸ ਦੀ ਬਖਸ਼ਿਸ਼ ਕਿੱਦਾਂ ਕਰਦੇ ਹਨ, ਉਸ ਖਾਲਸੇ ਤੇ ਉਸ ਗੁਰਸਿੱਖ ਤੇ ਉਸ ਗੁਰਮੁੱਖ ਤੇ।

*ਅੰਮ੍ਰਿਤੁ ਜਿਨ੍ਹਾ ਚਖਾਇਓਨੁ*
*ਰਸੁ ਆਇਆ ਸਹਜਿ ਸੁਭਾਇ ॥*

*ਸਚਾ ਵੇਪਰਵਾਹੁ ਹੈ*
*ਤਿਸ ਨੋ ਤਿਲੁ ਨ ਤਮਾਇ ॥*

*ਮਹਾ ਪੁਰਖਾ ਕਾ ਬੋਲਣਾ*
*ਹੋਵੈ ਕਿਤੈ ਪਰਥਾਇ ॥*
*ਓਇ ਅੰਮ੍ਰਿਤ ਭਰੇ ਭਰਪੂਰ ਹਹਿ*
*ਓਨਾ ਤਿਲੁ ਨ ਤਮਾਇ ॥*

# ਨਾਨਕ ਲੀਨ ਭਇਓ ਗੋਬਿੰਦ ਸਿਉ

ਪਿਤਾ ਜੀ ਇਹ ਸਮਝਾ ਰਹੇ ਹਨ ਤੇ ਫਿਰ ਇਕ ਅਨਮੋਲ ਚੀਜ਼ ਹੋਰ ਕਹਿਣ ਲੱਗੇ, ਜਿਸ ਵਕਤ ਵੀ ਉਹ ਆਪਣੇ ਜਨ ਨੂੰ ਭੇਜਦਾ ਹੈ,

*ਜਨਮ ਮਰਣ ਦੁਹਹੂ ਮਹਿ ਨਾਹੀ*
*ਜਨ ਪਰਉਪਕਾਰੀ ਆਏ ॥*

ਬਾਬਾ ਨੰਦ ਸਿੰਘ ਸਾਹਿਬ ਤਾਂ ਪ੍ਰਕਾਸ਼ ਦੇ ਵਿਚ ਲਿਪਟੇ ਆਏ ਸੀ। ਸਾਹਿਬ ਨੇ ਆਪਣਾ ਹੀ ਚਰਨ ਕਮਲਾਂ ਦਾ ਪ੍ਰੇਮ ਪ੍ਰਕਾਸ਼ ਭੇਜਿਆ ਸੀ। ਪੰਜ ਸਾਲ ਦੀ ਆਯੂ ਦੇ ਵਿਚ ਹੀ ਉਸ ਅਖੰਡ ਪ੍ਰੇਮ

ਲੀਨਤਾ ਤੇ ਨਾਮ ਲੀਨਤਾ ਦੇ ਵਿਚ ਸਮਾਧੀ ਲਾਈ ਬੈਠੇ ਸੀ। ਕਹਿਣ ਲੱਗੇ ਜਿਹੜਾ ਉਸ ਦਾ ਜਨ ਹੈ ਉਹ ਜੰਮਣ-ਮਰਨ ਵਿਚ ਨਹੀ ਹੈ ਉਹ ਇਸ ਸੰਸਾਰ ਵਿੱਚ ਕੁੱਛ ਲੈਣ ਵਾਸਤੇ ਨਹੀਂ ਆਉਂਦਾ, ਕੁੱਛ ਲਿਜਾਉਣ ਵਾਸਤੇ ਨਹੀਂ ਆਉਂਦਾ। ਉਹ ਪ੍ਰੇਮ ਬੱਧ੍ਹਾ ਆਉਂਦਾ ਹੈ ਅਸੀਂ ਸਾਰੇ ਕਰਮ ਬੱਧ੍ਹੇ ਆਉਂਦੇ ਹਾਂ ਔਰ ਆਪਣੇ ਪਾਪਾਂ ਦੇ ਵਿੱਚ ਕੈਦ ਹਾਂ। ਉਹ ਫਿਰ ਪ੍ਰੇਮ ਬੱਧ੍ਹਾ ਆ ਕੇ ਉਹ ਦਇਆ ਸਰੂਪ ਉਹ ਉਸ ਦਇਆ ਦੇ ਵਿੱਚ ਸਭ ਨੂੰ ਬਖਸ਼ੀ ਜਾਂਦਾ ਹੈ। ਪਿਤਾ ਜੀ ਕਹਿਣ ਲੱਗੇ, ਉਸ ਦਇਆ ਦੇ ਵਿਚ ਬਾਬਾ ਨੰਦ ਸਿੰਘ ਸਾਹਿਬ ਆਪਣੇ ਆਪ ਨੂੰ ਵੀ ਸਾਨੂੰ ਦੇ ਗਏ ਹਨ, ਇਹ ਸੰਸਾਰ ਨੂੰ ਦੇ ਗਏ ਹਨ, ਮੇਰੇ ਵਰਗੇ ਕੁੱਤਿਆਂ ਨੂੰ ਵੀ ਨਿਵਾਜ ਗਏ ਹਨ। ਫਿਰ ਪਿਤਾ ਜੀ ਹੋਰ ਉਹੀ ਦਰਗਾਹੀ ਗੁਣਾਂ ਦੇ ਬਾਰੇ ਗੱਲ ਕਰਦੇ ਹਨ ਕਹਿਣ ਲੱਗੇ ਕਿ ਮੇਰੇ ਸਾਹਿਬ ਤਾਂ ਹਰ ਵੇਲੇ ਬਚਪਨ ਤੋਂ ਲੈ ਕੇ ਆਖਰੀ ਦਿਨ ਤਕ ਤੱਪਸਿਆ ਦੀ ਮੂਦ੍ਰਾ ਵਿਚ ਸਨ,

**ਇਉਂ ਭਾਸਦਾ ਸੀ ਕਿ ਨਿਰੰਕਾਰ ਦੀ ਤੱਪਸਿਆ ਨੇ ਹੀ ਬਾਬਾ ਨੰਦ ਸਿੰਘ ਸਾਹਿਬ ਦਾ ਹੀ ਰੂਪ ਧਾਰਿਆ ਹੋਇਆ ਹੈ।**

ਸਾਧ ਸੰਗਤ ਜੀ, ਤੱਪਸਿਆ ਦਾ ਰਹਿਸ ਸਮਝਾਉਂਦੇ ਹੋਏ ਪਿਤਾ ਜੀ ਕਹਿਣ ਲੱਗੇ ਅੱਜ ਤੱਕ ਕੋਈ ਨਾਨਕ ਤਪਾ ਦੀ ਤੱਪਸਿਆ ਦੇ ਰਹਿਸ ਨੂੰ ਸਮਝ ਸਕਿਆ ਹੈ? ਫਿਰ ਮੇਰੇ ਦਸ਼ਮੇਸ਼ ਪਿਤਾ ਨੇ ਜੋ ਅਦਿਕ ਤੱਪਸਿਆ ਕੀਤੀ ਹੈ ਹੇਮਕੂੰਟ ਸਾਹਿਬ ਉਸ ਦੀ ਗੁੱਝੀ ਰਮਜ਼ ਨੂੰ ਕੋਈ ਸਮਝ ਸਕਿਆ ਹੈ? ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਗਰੀਬ ਨਿਵਾਜ 26 ਸਾਲ ਇਕ ਕੱਚੇ ਭੋਰੇ ਵਿੱਚ ਅਖੰਡ ਪ੍ਰੇਮ ਲੀਨਤਾ ਦੇ ਵਿੱਚ, ਅਖੰਡ ਨਾਮ ਰਸ ਦੀ ਸਮਾਧੀ ਵਿਚ ਬੈਠੇ ਰਹੇ ਹਨ ਪਿਤਾ ਜੀ ਕਹਿਣ ਲੱਗੇ

ਉਨ੍ਹਾਂ ਦੀ ਉਸ ਤੱਪਸਿਆ ਦੇ ਰਹਿਸ ਨੂੰ ਕੋਈ ਸਮਝ ਸਕਦਾ ਹੈ? ਕਹਿਣ ਲੱਗੇ,

*ਏਵਡੁ ਊਚਾ ਹੋਵੈ ਕੋਇ ॥*
*ਤਿਸੁ ਊਚੇ ਕਉ ਜਾਣੈ ਸੋਇ ॥*

ਬਾਬਾ ਨੰਦ ਸਿੰਘ ਸਾਹਿਬ ਜਿੱਡਾ ਵੱਡਾ ਕੋਈ ਹੋਵੇ ਤਾਂ ਉਨ੍ਹਾਂ ਦੀ ਤੱਪਸਿਆ ਦੇ ਰਹਿਸ ਨੂੰ ਸਮਝ ਸਕਦਾ ਹੈ ਫਿਰ ਪਿਤਾ ਜੀ ਕਹਿਣ ਲੱਗੇ ਕਿ ਉਸ ਨਿਰੰਕਾਰ ਦੇ ਗੁਣ ਬੇਅੰਤ ਹਨ। ਜਿਸ ਵਕਤ ਗੁਰੂ ਤੇਗ ਬਹਾਦਰ ਸਾਹਿਬ 26 ਸਾਲ ਦੀ ਘੋਰ ਤੱਪਸਿਆ ਦੇ ਬਾਅਦ ਬਾਹਰ ਆਏ ਹਨ ਉਸ ਵੇਲੇ ਦੋ ਤਿੰਨ ਚੀਜ਼ਾਂ ਉਨ੍ਹਾਂ ਨੇ ਉਸੇ ਵੇਲੇ ਹੀ ਸਪਸ਼ਟ ਕਰ ਦਿੱਤੀਆਂ ਹਨ। ਪਹਿਲਾ ਜਿਸ ਲੀਨਤਾ ਵਿਚ ਉਹ ਬਾਹਰ ਤਸ਼ਰੀਫ਼ ਲਿਆਏ ਹਨ ਉਨ੍ਹਾਂ ਦੇ ਦਰਸ਼ਨਾਂ ਦੇ ਵਿਚ ਉਹ ਪ੍ਰਕਾਸ਼ ਸੰਗਤ ਨੂੰ ਬਖਸ਼ਿਆ ਹੈ ਕਿ ਰਹਿੰਦੀ ਦੁਨੀਆਂ ਤੱਕ ਆਪਣੇ ਅੰਮ੍ਰਿਤ ਸ਼ਬਦ ਜਿਹੜਾ ਪਹਿਲਾ ਉਨ੍ਹਾਂ ਨੇ ਸ਼ਬਦ ਉਚਾਰਿਆ ਹੈ ਉਹਦੇ ਵਿਚ ਬਖਸ਼ਿਆ ਹੈ।

*ਗੁਰ ਕਿਰਪਾ ਜਿਹ ਨਰ ਕਉ ਕੀਨੀ*
*ਤਿਹ ਇਹ ਜੁਗਤਿ ਪਛਾਨੀ ॥*
*ਨਾਨਕ ਲੀਨ ਭਇਓ ਗੋਬਿੰਦ ਸਿਉ*
*ਜਿਉ ਪਾਨੀ ਸੰਗਿ ਪਾਨੀ ॥*

ਜਦੋਂ ਗੁਰੂ ਕਿਰਪਾ ਕਰਦਾ ਹੈ, ਬਖਸ਼ਿਸ਼ ਕਰਦਾ ਹੈ, ਦਇਆ ਕਰਦਾ ਹੈ ਉਸ ਵੇਲੇ ਇਹ ਲੀਨਤਾ, ਜਿਸ ਲੀਨਤਾ ਵਿਚੋਂ ਨਿਕਲ ਕੇ ਆਏ ਸੀ ਉਹ ਲੀਨਤਾ ਦੀ ਬਖਸ਼ਿਸ਼ ਕਰ ਦਿੰਦਾ ਹੈ ਆਪਣੇ ਨਰ ਦੇ ਉੱਤੇ, ਆਪਣੇ ਸਿੱਖ ਦੇ ਉੱਤੇ, ਗੁਰਮੁੱਖ ਦੇ ਉੱਤੇ, ਆਪਣੇ ਜਨ ਦੇ ਉੱਤੇ। ਫਿਰ ਇਸੇ ਸ਼ਬਦ ਦੇ ਵਿਚ ਉਸ ਸਿੱਖ ਦੀ, ਉਸ ਨਰ ਦੀ, ਉਸ ਗੁਰਮੁੱਖ ਦੀ ਪਛਾਣ ਦਸ ਦਿੱਤੀ ਹੈ, ਉਸ ਦੀ ਪਰਖ ਦੱਸ ਦਿੱਤੀ ਹੈ, ਉਸ ਦੇ ਗੁਣ ਦਸ ਦਿੱਤੇ ਹਨ ਉਹਦੇ ਕੀ ਲਕਸ਼ ਹੋਣਗੇ। ਜਿਹੜਾ ਦੂਜਾ ਸ਼ਬਦ ਉਚਾਰਿਆ ਹੈ,

*ਮਾਈ ਮੈ ਧਨੁ ਪਾਇਓ ਹਰਿ ਨਾਮੁ ॥*

ਜਿਸ ਨਾਮ ਦੀ ਲੀਨਤਾ ਵਿੱਚੋਂ ਸੱਚੇ ਪਾਤਸ਼ਾਹ 26 ਸਾਲ ਬਾਅਦ ਆਏ ਹਨ, ਉਸ ਵੇਲੇ ਫਿਰ ਨਾਮ ਦੀ ਸੰਪਤੀ ਤੇ ਪ੍ਰਕਾਸ਼ ਪਾਉਂਦੇ ਹਨ। ਸਾਧ ਸੰਗਤ ਜੀ, ਉਸ ਵੇਲੇ ਕਮਾਲ ਕਰ ਦਿੱਤੀ ਹੈ। ਪਿਤਾ ਜੀ ਕਹਿਣ ਲੱਗੇ,

*ਜਾ ਕਉ ਹੋਤ ਦਇਆਲੁ ਕਿਰਪਾ ਨਿਧਿ*
*ਸੋ ਗੋਬਿੰਦ ਗੁਨ ਗਾਵੈ ॥*

*ਕਹੁ ਨਾਨਕ ਇਹ ਬਿਧਿ ਕੀ ਸੰਪੈ*
*ਕੋਊ ਗੁਰਮੁਖਿ ਪਾਵੈ ॥*

*ਮਾਈ ਮੈ ਧਨੁ ਪਾਇਓ ਹਰਿ ਨਾਮੁ ॥*

ਇਹ ਕਿਹੜਾ ਧੰਨ ਹੈ? ਇਹ ਕਿਹੜੀ ਸੰਪਤੀ ਹੈ? ਫਿਰ ਸਾਹਿਬ ਉਸ ਵੇਲੇ ਉਸ ਗੁਰਮੁੱਖ ਦੇ ਜਿਹੜਾ ਵਿਰਲਾ ਗੁਰਮੁੱਖ ਹੈ, ਕੋਈ ਵਿਰਲਾ ਗੁਰਮੁੱਖ ਇਸ ਨਾਮ ਦੇ ਧੰਨ ਨਾਲ ਨਿਵਾਜਿਆ ਜਾਂਦਾ ਹੈ, ਇਹ ਸੰਪਤੀ ਨਾਲ ਨਿਵਾਜਿਆ ਜਾਂਦਾ ਹੈ, ਫਿਰ ਸਾਹਿਬ ਉਸ ਵੇਲੇ ਉਸ ਦੇ, ਉਸ ਵਿਰਲੇ ਗੁਰਮੁੱਖ ਦੇ ਲਕਸ਼ ਦੱਸਦੇ ਹਨ। ਇਸੇ ਸ਼ਬਦ ਦੇ ਵਿਚ ਉਸਦੀ ਪਛਾਣ ਦੱਸਦੇ ਹਨ, ਉਹਦੀ ਪਰਖ ਦੱਸਦੇ ਹਨ ਕਿ ਜਿਹਦੇ ਪਾਸ ਵੀ ਨਾਮ ਦੀ ਸੰਪਤੀ ਹੋਏਗੀ ਉਹਦੇ ਆਹ ਗੁਣ ਹੋਣਗੇ। ਸਾਧ ਸੰਗਤ ਜੀ, ਪਿਤਾ ਜੀ ਇਹ ਚੀਜ਼ਾਂ ਸਮਝਾਉਂਦੇ ਹੋਏ ਅੱਗੇ ਉਨ੍ਹਾਂ ਨੇ ਬਹੁਤ ਅਨਮੋਲ ਬਚਨ ਕੀਤੇ ਉਹ ਜ਼ਰੂਰ ਆਪ ਦੇ ਨਾਲ ਅਗਲੇ ਪ੍ਰੋਗਾਮ ਦੇ ਵਿਚ ਸਾਂਝੇ ਕਰਾਂਗਾ।

*ਜਿੰਦ ਵੀ ਵਾਰੀ ਸਭ ਕੁਝ ਵਾਰਿਆ*
*ਤੇਰਾ ਆਉਣਾ ਨਿਆਰਾ ॥*

*ਗੁਰੂ ਗ੍ਰੰਥ ਤੇ ਘੋਲ ਘੁਮਾਇਆ*
*ਆਪਣਾ ਜੀਵਨ ਸਾਰਾ ॥*

*ਉਹ ਪੂਰਨੇ ਕੋਈ ਨਹੀ ਪਾ ਸਕਦਾ,*
*ਜੋ ਪੂਰਨੇ ਬਾਬਾ ਜੀ ਪਾ ਗਏ ਨੇ ॥*

*ਗੁਰੂ ਗ੍ਰੰਥ ਦੀ ਜੋਤ ਵਿਚੋਂ*
*ਨਿਰੰਕਾਰ ਨੂੰ ਪ੍ਰਤੱਖ ਦਿਖਾ ਗਏ ਨੇ ॥*

*ਵਾਹ ਵਾਹ ਬਾਬਾ ਨੰਦ ਸਿੰਘ ਜੀ*

*ਤੇਰਾ ਆਉਣਾ ਨਿਆਰਾ ।।*

*ਗੁਰੂ ਗ੍ਰੰਥ ਤੇ ਘੋਲ ਘੁਮਾਇਆ*
*ਆਪਣਾ ਜੀਵਨ ਸਾਰਾ ।।*

*ਸੁਣੋ ਮੇਰੇ ਵੀਰ ਜੀਉ*
*ਬਾਬੇ ਨੰਦ ਸਿੰਘ ਜੀ ਦੀ ਅਮਰ ਕਥਾ ।।*

**ਗੁਰੂ ਨਾਨਕ ਦਾਤਾ ਬਖਸ਼ ਲੈ ।**

**ਬਾਬਾ ਨਾਨਕ ਬਖਸ਼ ਲੈ।।**